# ਹਿਊਮਨ ਟਿਸ਼ੂ ਅਥਾਰਿਟੀ
# ਬੋਨ ਮੈਰੋ (ਹੱਡੀਆਂ ਦੀ ਮਿੱਝ) ਅਤੇ ਪੈਰੀਫ਼ਿਰਲ ਬਲੱਡ ਸਟੈਮ ਸੈੱਲ ਦਾਨ (ਖ਼ੂਨ ਦੇ ਮੁੱਢਲੇ ਸੈੱਲ) ਦਾਨ ਦੇਣ ਦੇ ਬਾਰੇ ਜਾਣਕਾਰੀ

ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਵਿਚੋਂ ਕੋਈ ਬੋਨ ਮੈਰੋ (ਹੱਡੀਆਂ ਦੀ ਮਿੱਝ) ਜਾਂ ਪੈਰੀਫ਼ਿਰਲ ਬਲੱਡ ਸਟੈਮ ਸੈੱਲ (ਖ਼ੂਨ ਦੇ ਮੁੱਢਲੇ ਸੈੱਲ ਜਾਂ ਪੀ ਬੀ ਐੱਸ ਸੀ) ਦਾਨ ਦੇਣ ਬਾਰੇ ਵਿਚਾਰ ਕਰ ਰਿਹਾ/ਰਹੀ ਹੈ, ਤਾਂ ਇਸ ਪਰਚੇ ਵਿਚ ਉਹਦੇ ਲਈ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਉਹਦੀ ਇਹ ਕੰਮ ਕਰਨ ਦੀ ਯੋਗਤਾ ਦਾ ਹਿਸਾਬ ਲਾਉਣ ਦਾ ਕੰਮ ਹਿਊਮਨ ਟਿਸ਼ੂ ਅਥਾਰਿਟੀ (ਐਚ ਟੀ ਏ) ਕਿਵੇਂ ਲਾਉਂਦੀ ਹੈ। ਪੈਰੀਫ਼ਿਰਲ ਬਲੱਡ ਸੈੱਲ ਖ਼ੂਨ ਵਿਚ ਹੁੰਦੇ ਹਨ ਅਤੇ ਇਹ ਖ਼ੂਨ ਦੇ ਹਰ ਕਿਸਮ ਦੇ ਸੈੱਲ ਬਣ ਸਕਦੇ ਹਨ।

ਇਸ ਪਰਚੇ ਵਿਚ ਇਹਨਾਂ ਗੱਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ:

- ਬੋਨ ਮੈਰੋ ਅਤੇ ਪੀ ਬੀ ਐੱਸ ਸੀ ਦਾਨ ਦੇਣ ਨਾਲ ਸੰਬੰਧਤ ਕਾਨੂੰਨ;
- ਇਸ ਕਿਸਮ ਦੇ ਦਾਨ ਦੇਣ ਦੇ ਨਿਯਮ ਲਾਗੂ ਕਰਵਾਉਣ ਵਾਲੀ ਐਚ ਟੀ ਏ ਦਾ ਕੰਮ;
- ਦਾਨੀ ਕੌਣ ਬਣ ਸਕਦਾ/ਸਕਦੀ ਹੈ; ਅਤੇ
- ਇਹਨਾਂ ਸਰੀਰਕ ਚੀਜ਼ਾਂ ਦਾ ਦਾਨ ਦੇਣ ਵਾਲੇ ਅਤੇ ਦਾਨ ਲੈਣ ਵਾਲੇ ਨੂੰ ਇਜਾਜ਼ਤ ਦੇਣ ਤੋਂ ਪਹਿਲਾਂ ਐਚ ਟੀ ਏ ਉਹਨਾਂ ਦੀ ਯੋਗਤਾ ਦਾ ਹਿਸਾਬ ਲਾਉਣ ਲਈ ਕਿਹੜੇ ਢੰਗ ਦੀ ਵਰਤੋਂ ਕਰਦੀ ਹੈ।

ਟ੍ਰਾਂਸਪਲਾਂਟ ਯੂਨਿਟ ਤੋਂ ਮਿਲਣ ਵਾਲੀ ਹੋਰ ਜਾਣਕਾਰੀ ਦੇ ਨਾਲ ਨਾਲ ਇਹ ਪਰਚਾ ਪੜ੍ਹਨਾ ਵੀ ਤੁਹਾਡੇ ਲਈ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਤੁਹਾਨੂੰ ਪੂਰੀ ਚੰਗੀ ਤਰ੍ਹਾਂ ਪਤਾ ਲਗ ਜਾਏਗਾ ਕਿ ਦਾਨ ਦੇਣ ਵਾਲੇ (ਜਾਂ ਉਹਦੇ ਨੁਮਾਇੰਦੇ) ਨੂੰ ਅਤੇ ਦਾਨ ਲੈਣ ਵਾਲੇ ਨੂੰ ਕੀ ਕੁਝ ਕਰਨਾ ਪੈਂਦਾ ਹੈ।

## ਹਿਊਮਨ ਟਿਸ਼ੂ ਐਕਟ ਅਤੇ ਹਿਊਮਨ ਟਿਸ਼ੂ ਅਥਾਰਿਟੀ

ਇੰਗਲੈਂਡ, ਨਾਰਦਰਨ ਆਇਰਲੈਂਡ ਅਤੇ ਵੇਲਜ਼ ਵਿਚ, ਬੋਨ ਮੈਰੋ ਅਤੇ ਪੀ ਬੀ ਐੱਸ ਸੀ ਦਾਨ ਦੇਣ ਦੇ ਕੰਮ ’ਤੇ ਹਿਊਮਨ ਟਿਸ਼ੂ ਐਕਟ 2004 (ਐਚ ਟੀ ਐਕਟ) ਲਾਗੂ ਹੁੰਦਾ ਹੈ। ਸਕਾਟਲੈਂਡ ਵਿਚ, ਬੱਚਿਆਂ ਵਲੋਂ ਦਾਨ ਦਿੱਤੀ ਬੋਨ ਮੈਰੋ ’ਤੇ ਹਿਊਮਨ ਟਿਸ਼ੂ (ਸਕਾਟਲੈਂਡ) ਐਕਟ 2006 ਲਾਗੂ ਹੁੰਦਾ ਹੈ। ਇਹਨਾਂ ਦੋਹਾਂ ਕਾਨੂੰਨਾਂ ਵਿਚ ਸੁਧਰੇ ਹੋਏ ਚੰਗੇ ਕੰਮਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਖ਼ਾਸ ਤੌਰ ’ਤੇ ਦਾਨ ਤੋਂ ਪਹਿਲਾਂ ਲੋਕਾਂ ਦੀ ਰਜ਼ਾਮੰਦੀ (ਜਾਂ ਇਜਾਜ਼ਤ) ਲੈਣਾ।

ਅਸੀਂ, ਯਾਨੀ ਐਚ ਟੀ ਏ, ਇਸ ਕੰਮ ਨਾਲ ਸੰਬੰਧਤ ਕਾਨੂੰਨ ਬਾਰੇ ਸਲਾਹ ਅਤੇ ਜਾਣਕਾਰੀ ਦਿੰਦੇ ਹਾਂ ਅਤੇ ਇਹ ਯਕੀਨੀ ਬਣਾਉਂਦੇ ਹਾਂ ਕਿ ਲੋਕ ਇਹਨਾਂ ਕਾਨੂੰਨਾਂ ਦਾ ਪਾਲਣ ਕਰਨ। ਸਾਡਾ ਮੰਤਵ ਦਾਨ ਦੇਣ ਦੇ ਕੰਮ ਦਾ ਅਜਿਹਾ ਢਾਂਚਾ ਤਿਆਰ ਕਰਨਾ ਹੈ ਜੋ ਸਾਫ਼ ਸਮਝ ਆ ਸਕੇ ਅਤੇ ਜਿਸ ਵਿਚ ਮਰੀਜ਼, ਪਰਿਵਾਰਾਂ ਅਤੇ ਇਹ ਕੰਮ ਕਰਨ ਵਾਲੇ ਕਰਮਚਾਰੀਆਂ ਦਾ ਭਰੋਸਾ ਹੋਵੇ। ਸਾਡੇ ਵਿਚ ਆਮ ਲੋਕ ਵੀ (ਮਾਹਿਰਾਂ ਵਾਲੀ ਦਿਲਚਸਪੀ ਨਾ ਰੱਖਣ ਵਾਲੇ) ਅਤੇ ਇਹ ਕੰਮ ਕਰਨ ਵਾਲੇ ਮਾਹਿਰ ਕਰਮਚਾਰੀ ਵੀ ਸ਼ਾਮਿਲ ਹਨ।

ਸਾਡੀ ਜ਼ਿੰਮੇਦਾਰੀ ਬੱਚਿਆਂ ਅਤੇ ਅਜਿਹੇ ਬਾਲਗਾਂ ਤੋਂ ਬੋਨ ਮੈਰੋ ਅਤੇ ਪੀ ਬੀ ਐੱਸ ਸੀ ਦਾਨ ਲੈਣ ਦੀ ਇਜਾਜ਼ਤ ਦੇਣਾ ਹੈ - ਜਿਹੜੇ ਲੋਕ ਸੋਚ ਸਮਝ ਕੇ ਅਜਿਹਾ ਕਰਨ ਦਾ ਫ਼ੈਸਲਾ ਨਹੀਂ ਕਰ ਸਕਦੇ। ਇਹ ਬੱਚੇ ਅਤੇ ਬਾਲਗ਼ ਲੋਕ ਕਿਸੇ ਕਾਰਣ ਇਹ ਚੀਜ਼ਾਂ ਦਾਨ ਦੇਣ ਦਾ ਫ਼ੈਸਲਾ ਨਹੀਂ ਕਰ ਸਕਦੇ।

ਜਿਹੜੇ ਬੱਚੇ ਅਤੇ ਬਾਲਗ ਬੋਨ ਮੈਰੋ ਅਤੇ ਪੀ ਬੀ ਐੱਸ ਸੀ ਦਾਨ ਦੇਣ ਲਈ ਰਜ਼ਾਮੰਦੀ ਦੇ ਸਕਦੇ ਹਨ, ਉਹਨਾਂ ਤੋਂ ਦਾਨ ਲੈਣ ਦੀ ਇਜਾਜ਼ਤ ਦੇਣ ਦਾ ਕੰਮ ਅਸੀਂ ਨਹੀਂ ਕਰਦੇ, ਸਗੋਂ ਸਥਾਨਕ ਹਸਪਤਾਲ ਕਰਦੇ ਹਨ।

**ਬੋਨ ਮੈਰੋ ਅਤੇ ਪੀ ਬੀ ਐੱਸ ਦੀ ਦਾਨ ਕਿਉਂ ਦਿੱਤੇ ਜਾਂਦੇ ਹਨ?**

ਕੈਂਸਰ ਅਤੇ ਲੂਕੀਮੀਆ ਵਰਗੇ ਗੰਭੀਰ ਰੋਗਾਂ ਦਾ ਇਲਾਜ ਕਰਨ ਲਈ ਮਰੀਜ਼ਾਂ ਦੇ ਕੀਮੋਥੈਰਾਪੀ ਜਾਂ ਰੇਡੀਓਥੈਰਾਪੀ ਨਾਂ ਦੇ ਇਲਾਜ ਕੀਤੇ ਜਾਂਦੇ ਹਨ। ਇਹ ਇਲਾਜ ਉਹਨਾਂ ਦੇ ਕੈਂਸਰ ਸੈੱਲਾਂ ਨੂੰ ਨਸ਼ਟ ਕਰਨ ਦੇ ਨਾਲ ਨਾਲ ਉਹਨਾਂ ਦੀ ਬੋਨ ਮੈਰੋ ਸਟੈਮ ਸੈੱਲਾਂ ਨੂੰ ਵੀ ਨੁਕਸਾਨ ਪਹੁੰਚਾ ਸਕਦੇ ਹਨ। ਜੇ ਇਹਨਾਂ ਮਰੀਜ਼ਾਂ ਦੇ ਸਰੀਰ ਵਿਚ ਆਮ ਬੋਨ ਮੈਰੋ ਸਟੈਮ ਸੈੱਲ ਜਾਂ ਪੈਰੀਫ਼ਿਰਲ ਬਲੱਡ ਸੈੱਲ ਪਾ ਦਿੱਤੇ ਜਾਣ ਤਾਂ ਡਾਕਟਰ ਇਹਨਾਂ ਲੋਕਾਂ ਨੂੰ ਦਵਾਈ ਜਾਂ ਰੇਡੀਏਸ਼ਨ ਦੀ ਵੱਧ ਤਕੜੀ ਡੋਜ਼ ਦੇ ਸਕਦੇ ਹਨ। ਦਾਨ ਦਿੱਤੇ ਹੋਏ ਇਹ ਸਟੈਮ ਸੈੱਲ ਮਰੀਜ਼ ਦਾ 'ਬਚਾਓ' ਕਰਦੇ ਹਨ। ਇਹ ਵੀ ਹੋ ਸਕਦਾ ਹੈ ਕਿ ਦਾਨ ਦਿੱਤੇ ਹੋਏ ਇਹ ਸੈੱਲ ਮਰੀਜ਼ ਵਿਚ ਉਸ ਵੇਲੇ ਇਮਿਊਨ ਸੈੱਲ (ਹਿਫ਼ਾਜ਼ਤ ਕਰਨ ਵਾਲੇ ਸੈੱਲ) ਪੈਦਾ ਕਰਨ ਜਦ ਮਰੀਜ਼ ਰਿਮਿਸ਼ਨ ਵਿਚ ਹੁੰਦਾ ਹੈ (ਯਾਨੀ ਕਿ ਉਹਨੂੰ ਇਸ ਵੇਲੇ ਕੈਂਸਰ ਨਹੀਂ ਹੁੰਦਾ)।

**ਬੋਨ ਮੈਰੋ ਜਾਂ ਪੀ ਬੀ ਐੱਸ ਸੀ ਕੌਣ ਦਾਨ ਦੇ ਸਕਦਾ/ਸਕਦੀ ਹੈ?**

ਬੋਨ ਮੈਰੋ ਅਤੇ ਪੀ ਬੀ ਐੱਸ ਸੀ ਸਿਰਫ਼ ਜੀਉਂਦੇ ਦਾਨੀਆਂ ਤੋਂ ਲਏ ਜਾ ਸਕਦੇ ਹਨ। ਸਭ ਤੋਂ ਵੱਧ ਸਹੀ ਦਾਨੀ ਮਰੀਜ਼ ਦੇ ਨਜ਼ਦੀਕੀ ਰਿਸ਼ਤੇਦਾਰ, ਜਿਵੇਂ ਭੈਣ ਜਾਂ ਭਰਾ, ਹੁੰਦੇ ਹਨ। ਹੋ ਸਕਦਾ ਹੈ ਕਿ ਚਹੁੰ ਹਾਲਤਾਂ ਵਿਚੋਂ ਇਕ ਵਿਚ ਭੈਣ ਜਾਂ ਭਰਾ ਵੀ ਸਹੀ ਕਿਸਮ ਦਾ ਦਾਨੀ ਸਾਬਤ ਨਾ ਹੋਵੇ।

ਜੇ ਭੈਣ ਜਾਂ ਭਰਾ ਸਹੀ ਕਿਸਮ ਦਾ ਦਾਨੀ ਸਾਬਤ ਨ ਹੋਵੇ, ਤਾਂ ਕਈ ਵਾਰ ਅਜਿਹਾ ਸਹੀ ਦਾਨੀ ਵੀ ਮਿਲ ਜਾਂਦਾ ਹੈ ਜੋ ਰਿਸ਼ਤੇਦਾਰ ਨਹੀਂ ਹੁੰਦਾ। ਪਰ ਸੈੱਲ ਦਾਨ ਦੇਣ ਨਾਲ ਹੋਣ ਵਾਲੀਆਂ ਖ਼ਰਾਬੀਆਂ ਦੀ ਸੰਭਾਵਨਾ ਨੂੰ ਘਟਾਉਣ ਲਈ, ਅਜਿਹੇ ਦਾਨੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਹਦੇ ਸਰੀਰ ਦੀ ਪੈਦਾਇਸ਼ੀ ਬਣਤਰ ਮਰੀਜ਼ ਦੇ ਸਰੀਰ ਵਰਗੀ ਹੋਵੇ।

ਦਾਨ ਦੇਣ ਦੇ ਕੰਮ ਤੋਂ ਪਹਿਲਾਂ ਇਹਦੇ ਢੰਗਾਂ ਅਤੇ ਇਹਦੇ ਕਾਰਣ ਹੋ ਸਕਣ ਵਾਲੇ ਖ਼ਤਰਿਆਂ ਨੂੰ ਪੂਰੀ ਤਰ੍ਹਾਂ ਸਮਝ ਲੈਣਾ ਤੁਹਾਡੇ ਲਈ ਜ਼ਰੂਰੀ ਹੈ। ਤੁਹਾਡਾ ਸਥਾਨਕ ਟ੍ਰਾਂਸਪਲਾਂਟ ਸੈਂਟਰ ਤੁਹਾਨੂੰ ਇਹਦੇ ਬਾਰੇ ਵਧੇਰੇ ਜਾਣਕਾਰੀ ਦੇ ਸਕਦਾ ਹੈ, ਤਾਕਿ ਤੁਹਾਨੂੰ ਪੂਰੀ ਤਰ੍ਹਾਂ ਪਤਾ ਹੋਵੇ ਕਿ ਇਸ ਕੰਮ ਵਿਚ ਕੀ ਕੁਝ ਹੁੰਦਾ ਹੈ।

**ਰਜ਼ਾਮੰਦੀ**

ਅਸੀਂ ਪੱਕਾ ਪਤਾ ਕਰਦੇ ਹਾਂ ਕਿ ਕੀ ਦਾਨੀ ਨੇ ਦਾਨ ਦੇਣ ਦੀ ਪੇਸ਼ਕਸ਼ ਖ਼ੁਦ ਕੀਤੀ ਹੈ।

ਜੇ ਕੋਈ ਬੱਚਾ ਰਜ਼ਾਮੰਦੀ ਦੇਣ ਦੇ ਯੋਗ ਨਹੀਂ, ਤਾਂ ਉਹਦੇ ਵਲੋਂ ਦਾਨ ਦੇਣ ਲਈ ਰਜ਼ਾਮੰਦੀ ਦੇਣ ਦਾ ਕੰਮ ਕਿਸੇ ਹੋਰ ਨੂੰ ਕਰਨਾ ਪਏਗਾ। ਇਹ ਕੰਮ ਬੱਚੇ ਦਾ ਪਿਤਾ ਜਾਂ ਮਾਂ ਜਾਂ ਦੋਵੇਂ ਕਰ ਸਕਦੇ ਹਨ। ਜੇ ਇਸ ਗੱਲ ਬਾਰੇ ਸਹਿਮਤੀ ਨਾ ਹੋਵੇ ਕਿ ਕਿਹੜੀ ਗੱਲ ਬੱਚੇ ਦੇ ਸਭ ਤੋਂ ਵੱਧ ਹਿਤ ਵਿਚ ਹੈ, ਤਾਂ ਇਹ ਮੁਆਮਲਾ ਅਦਾਲਤ ਦੀ ਇਜਾਜ਼ਤ ਲੈਣ ਲਈ ਉੱਥੇ ਭੇਜਿਆ ਜਾਣਾ ਚਾਹੀਦਾ ਹੈ।

ਜੇ ਬਹੁਤ ਘੱਟ ਹਾਲਤਾਂ ਵਿਚ ਕੋਈ ਬਾਲਗ ਰਜ਼ਾਮੰਦੀ ਦੇਣ ਦੇ ਯੋਗ ਨਹੀਂ, ਤਾਂ ਕਾਨੂੰਨ ਇਹ ਕਹਿੰਦਾ ਹੈ ਕਿ ਇਹ ਫ਼ੈਸਲਾ ਅਦਾਲਤ ਕਰੇ ਕਿ ਉਹਦੇ ਕੋਲੋਂ ਦਾਨ ਲਿਆ ਜਾਣਾ ਚਾਹੀਦਾ ਹੈ ਜਾਂ ਨਹੀਂ।

## ਦਾਨ ਦੇਣ ਅਤੇ ਲੈਣ ਦੀ ਯੋਗਤਾ ਦਾ ਹਿਸਾਬ ਲਾਉਣਾ

ਕਿਸੇ ਦੇ ਸਰੀਰ ਦੇ ਕੋਈ ਹਿੱਸੇ ਕਿਸੇ ਹੋਰ ਦੇ ਸਰੀਰ ਵਿਚ ਦੇਣ ਤੋਂ ਪਹਿਲਾਂ, ਦਾਨੀ ਅਤੇ ਦਾਨ ਲੈਣ ਵਾਲੇ ਦੋਹਾਂ ਦਾ ਪੂਰਾ ਡਾਕਟਰੀ ਮੁਆਇਨਾ ਕਰਕੇ ਇਹ ਪਤਾ ਕਰਨਾ ਲਾਜ਼ਮੀ ਹੈ ਕਿ ਕੀ ਦਾਨ ਲੈਣ ਵਾਲੇ ਲਈ ਇਹ ਇਲਾਜ ਸਹੀ ਹੈ, ਅਤੇ ਕੀ ਦਾਨੀ ਨੂੰ ਕੋਈ ਬੇਲੋੜਾ ਖ਼ਤਰਾ ਤਾਂ ਨਹੀਂ। ਇਹਦੇ ਲਈ ਡਾਕਟਰੀ ਟੈਸਟ ਕਰਕੇ ਦੇਖਿਆ ਜਾਂਦਾ ਹੈ ਕਿ ਦਾਨ ਦਿੱਤੇ ਜਾਣ ਵਾਲੇ ਹਿੱਸੇ ਦੋਹਾਂ ਦੇ ਸਰੀਰ ਨਾਲ ਮੇਲ ਖਾਂਦੇ ਹਨ, ਅਤੇ ਇਸ ਕੰਮ ਤੋਂ ਹੋ ਸਕਣ ਵਾਲੇ ਫ਼ਾਇਦਿਆਂ ਅਤੇ ਖ਼ਤਰਿਆਂ ਬਾਰੇ ਵੀ ਗੱਲਬਾਤ ਕਰਨੀ ਚਾਹੀਦੀ ਹੈ।

ਜੇ ਦਾਨ ਦੇਣ ਵਾਲੇ ਬੱਚੇ ਹਨ, ਤਾਂ ਜਾਣਕਾਰੀ ਉਹਨਾਂ ਦੀ ਉਮਰ ਦੇ ਪੱਧਰ ਦੀ ਹੋਣੀ ਚਾਹੀਦੀ ਹੈ ਜਿਹਨੂੰ ਬੱਚੇ ਸਮਝ ਸਕਣ। ਛੋਟੇ ਬੱਚਿਆਂ ਨੂੰ ਕਿਸੇ ਪਲੇਅ ਥੈਰਾਪਿਸਟ ਕੋਲ ਭੇਜਿਆ ਜਾ ਸਕਦਾ ਹੈ। ਜੇ ਬੱਚਾ ਇੰਨਾ ਛੋਟਾ ਹੈ ਕਿ ਦਾਨ ਦੇਣ ਬਾਰੇ ਜਾਣਕਾਰੀ ਨੂੰ ਨਹੀਂ ਸਮਝ ਸਕਦਾ, ਤਾਂ ਉਹਦੇ ਨੁਮਾਇੰਦੇ (ਆਮ ਤੌਰ 'ਤੇ ਮਾਂ ਜਾਂ ਪਿਤਾ) ਨੂੰ ਇਸ ਕੰਮ ਬਾਰੇ ਅਤੇ ਇਹਤੋਂ ਹੋ ਸਕਣ ਵਾਲੇ ਖ਼ਤਰਿਆਂ ਬਾਰੇ ਪੂਰੀ ਤਰ੍ਹਾਂ ਸਮਝਾਇਆ ਜਾਣਾ ਚਾਹੀਦਾ ਹੈ।

ਜਾਂਚ ਪੜਤਾਲ ਵੇਲੇ, ਅਤੇ ਇਲਾਜ ਦਾ ਕੰਮ ਸ਼ੁਰੂ ਹੋਣ ਤਕ ਕਿਸੇ ਵੇਲੇ ਵੀ ਦਾਨੀ ਅਤੇ ਦਾਨ ਲੈਣ ਵਾਲਾ/ਵਾਲੀ ਦੋਹਨਾਂ ਵਿਚੋਂ ਕੋਈ ਵੀ ਆਪਣਾ ਨਾਂ ਵਾਪਸ ਲੈ ਸਕਦਾ/ਸਕਦੀ ਹੈ।

ਜੇ ਕੋਈ ਦਾਨ ਦੇ ਸਕਣ ਵਾਲਾ ਖ਼ੁਦ ਰਜ਼ਾਮੰਦੀ ਦੇਣ ਦੇ ਯੋਗ ਨਹੀਂ ਹੈ, ਤਾਂ ਸਥਾਨਕ ਅਕ੍ਰੈਡਿਟਡ ਅਸੈੱਸਰ (ਏ ਏ) ਨੂੰ ਲਾਜ਼ਮੀ ਤੌਰ 'ਤੇ ਉਹਦੇ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਅਤੇ ਏ ਏ ਇਹ ਸਿਫ਼ਾਰਿਸ਼ ਕਰ ਸਕਦਾ ਹੈ ਕਿ ਅਜਿਹੇ ਵਿਅਕਤੀ ਤੋਂ ਦਾਨ ਲਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਏ ਏ ਸਾਡੇ ਨੁਮਾਇੰਦੇ ਦਾ ਕੰਮ ਕਰਦਾ ਹੈ, ਅਤੇ ਦਾਨੀ ਅਤੇ ਦਾਨ ਲੈਣ ਵਾਲੇ ਦੇ ਡਾਕਟਰਾਂ ਜਾਂ ਨਰਸਾਂ ਵਿਚੋਂ ਕੋਈ ਏ ਏ ਨਹੀਂ ਬਣ ਸਕਦਾ। ਏ ਏ ਦਾਨੀ ਨਾਲ, ਜਾਂ ਦਾਨੀ ਦੇ ਨੁਮਾਇੰਦੇ ਨਾਲ, ਗੱਲ ਕਰਕੇ ਪੱਕਾ ਪਤਾ ਕਰੇਗਾ ਕਿ ਕੀ ਉਹ ਲੋਕ ਸਮਝਦੇ ਹਨ ਕਿ ਦਾਨ ਦੇਣ ਦੇ ਕੰਮ ਵਿਚ ਕਿਹੜੇ ਕੰਮ ਸ਼ਾਮਿਲ ਹਨ।

ਏ ਏ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ:

- ਕਿਸੇ ਰਜਿਸਟਰਡ ਡਾਕਟਰ ਨੇ ਦਾਨੀ (ਜਾਂ ਉਹਦੇ ਨੁਮਾਇੰਦੇ) ਨੂੰ ਦੱਸਿਆ ਹੋਵੇ ਕਿ ਇਹ ਡਾਕਟਰੀ ਕੰਮ ਕਿਹੋ ਜਿਹਾ ਹੁੰਦਾ ਹੈ, ਇਹਤੋਂ ਕੀ ਖ਼ਤਰੇ ਹੋ ਸਕਦੇ ਹਨ ਅਤੇ ਪਰਿਵਾਰ 'ਤੇ ਇਹਦੇ ਕੀ ਅਸਰ ਪੈਂਦੇ ਹਨ;
- ਰਜਿਸਟਰਡ ਡਾਕਟਰ ਵਲੋਂ ਦਿੱਤੀ ਗਈ ਜਾਣਕਾਰੀ ਦਾਨੀ (ਜਾਂ ਉਹਦੇ ਨੁਮਾਇੰਦੇ) ਨੂੰ ਸਮਝ ਆ ਗਾਈ ਹੋਵੇ ਅਤੇ ਉਹ ਬੋਨ ਮੈਰੋ ਜਾਂ ਪੀ ਬੀ ਐੱਸ ਸੀ ਕਢਵਾਉਣਾ ਮੰਨ ਗਏ ਹੋਣ;
- ਦਾਨੀ (ਜਾਂ ਉਹਦੇ ਨੁਮਾਇੰਦੇ) ਨੇ ਆਪਣੀ ਮਰਜ਼ੀ ਨਾਲ ਇਜਾਜ਼ਤ ਦਿੱਤੀ ਹੋਵੇ; ਅਤੇ
- ਦਾਨੀ (ਜਾਂ ਉਹਦੇ ਨੁਮਾਇੰਦੇ) ਨੂੰ ਇਹ ਗੱਲ ਸਮਝ ਆ ਗਈ ਹੋਵੇ ਕਿ ਕਿ ਉਹ ਕਿਸੇ ਵੇਲੇ ਵੀ ਆਪਣੀ ਇਜਾਜ਼ਤ ਵਾਪਸ ਲੈ ਸਕਦੇ ਹਨ, ਅਤੇ ਦਾਨ ਲੈਣ ਵਾਲੇ ਲਈ ਇਹਦਾ ਕੀ ਅਰਥ ਹੋਏਗਾ।

## ਇਨਾਮ

ਏ ਏ ਆਪਣੀ ਰਿਪੋਰਟ ਵਿਚਾਰ ਕਰਨ ਲਈ ਸਾਡੇ ਕੋਲ ਭੇਜੇਗਾ। ਸਾਨੂੰ ਲਾਜ਼ਮੀ ਤੌਰ 'ਤੇ ਇਹ ਤਸੱਲੀ ਹੋਣੀ ਚਾਹੀਦੀ ਹੈ ਕਿ ਦਾਨੀ (ਜਾਂ ਉਹਦੇ ਨੁਮਾਇੰਦੇ) 'ਤੇ ਦਾਨ ਦੇਣ ਲਈ ਕਿਸੇ ਕਿਸਮ ਦਾ ਦਬਾਓ ਨਹੀਂ ਪਾਇਆ ਜਾ ਰਿਹਾ ਅਤੇ ਉਹ ਆਪਣੀ ਮਰਜ਼ੀ ਨਾਲ ਰਜ਼ਾਮੰਦੀ ਦੇ ਰਹੇ ਹਨ। ਦੂਸਰੇ ਸ਼ਬਦਾਂ ਵਿਚ, ਸਾਨੂੰ ਇਹ ਤਸੱਲੀ ਹੋਣੀ ਚਾਹੀਦੀ ਹੈ ਕਿ ਦਾਨੀ (ਜਾਂ ਉਹਦੇ ਨੁਮਾਇੰਦੇ) ਤੋਂ ਉਹਦਾ ਫ਼ੈਸਲਾ ਕਰਵਾਉਣ ਲਈ ਉਹਨੂੰ ਕੋਈ ਨਾਜਾਇਜ਼ ਕਿਸਮ ਦਾ ਇਨਾਮ ਨਹੀਂ ਦਿੱਤਾ ਜਾ ਰਿਹਾ।

ਜੇ ਤੁਸੀਂ ਦਾਨੀ ਦੀ ਨੁਮਾਇੰਦਗੀ ਕਰ ਰਹੇ ਹੋ, ਤਾਂ ਤੁਹਾਡੇ ਲਈ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਬੱਚੇ ਨੂੰ ਕਿਸੇ ਦੁੱਖਦਾਈ ਕੰਮ ਲਈ ਤਿਆਰ ਕਰਨ - ਜਿਵੇਂ ਹਸਪਤਾਲ ਜਾਣ ਜਾਂ ਕੋਈ ਕਸ਼ਟਕਾਰੀ ਕੰਮ ਕਰਵਾਉਣ - ਲਈ ਇਨਾਮ ਦੇਣ ਦੀ ਪੇਸ਼ਕਸ਼ ਕਰਨਾ ਆਮ ਗੱਲ ਹੈ, ਪਰ ਇਸ ਇਨਾਮ ਦੀ ਵਰਤੋਂ ਬੱਚੇ ਨੂੰ ਦਾਨ ਦੇਣ ਲਈ ਮਨਵਾਉਣ ਲਈ ਬਿਲਕੁਲ ਨਹੀਂ ਕਰਨੀ ਚਾਹੀਦੀ।

ਬੱਚੇ ਲਈ ਸਹੀ ਕਿਸਮ ਦੇ ਇਨਾਮ ਦੀ ਪਰਿਭਾਸ਼ਾ ਦੇਣਾ ਮੁਸ਼ਕਿਲ ਹੈ, ਕਿਉਂਕਿ ਇਹ ਵੱਖ ਵੱਖ ਪਰਿਵਾਰਾਂ ਅਤੇ ਸੱਭਿਆਚਾਰਾਂ ਵਿਚ ਵੱਖ ਵੱਖ ਹੋ ਸਕਦੀ ਹੈ। ਕਈ ਇਨਾਮ ਦਾਨੀ ਦੇ ਫ਼ੈਸਲੇ ਅਤੇ ਅਸਰ ਪਾ ਕੇ ਉਹਨੂੰ ਦਾਨ ਦੇਣ ਲਈ ਮਨਵਾ ਸਕਦੇ ਹਨ। ਜੇ ਸਾਨੂੰ ਸਬੂਤ ਮਿਲੇ ਕਿ ਦਾਨੀ ਨੇ ਆਪਣੀ ਰਜ਼ਾਮੰਦੀ ਪੂਰੀ ਤਰ੍ਹਾਂ ਆਪਣੀ ਸੁਤੰਤਰ ਮਰਜ਼ੀ ਨਾਲ ਨਹੀਂ ਦਿੱਤੀ, ਤਾਂ ਅਸੀਂ ਅਜਿਹੇ ਦਾਨ ਦੀ ਇਜਾਜ਼ਤ ਨਹੀਂ ਦਿਆਂਗੇ। ਜੇ ਤੁਹਾਨੂੰ ਪੱਕਾ ਪਤਾ ਨਹੀਂ, ਤਾਂ ਤੁਸੀਂ ਜਿਸ ਹਸਪਤਾਲ ਜਾ ਰਹੇ ਹੋ ਉੱਥੋਂ ਦੇ ਟ੍ਰਾਂਸਪਲਾਂਟ ਕੁ-ਆਰਡੀਨੇਟਰ ਨਾਲ ਜਾਂ ਅਕ੍ਰੈਡਿਟਡ ਅਸੈੱਸਰ ਨਾਲ ਇਹਦੇ ਬਾਰੇ ਗੱਲ ਕਰੋ।

**ਨੋਟ**

ਜੇ ਐਚ ਟੀ ਐਕਟ ਦੀਆਂ ਸ਼ਰਤਾਂ ਪੂਰੀਆਂ ਨਾ ਹੁੰਦੀਆਂ ਹੋਣ, ਤਾਂ ਦੋ ਜੀਉਂਦੇ ਵਿਅਕਤੀਆਂ ਤੋਂ ਇਕ ਦੇ ਸਰੀਰ ਦਾ ਕੋਈ ਹਿੱਸਾ ਦੂਸਰੇ ਦੇ ਸਰੀਰ ਵਿਚ ਲਾਉਣਾ ਜੁਰਮ ਹੈ। ਇਹਨਾਂ ਵਿਚ ਦਾਨ ਦੇਣ ਵਾਲੇ ਅਤੇ ਦਾਨ ਲੈਣ ਵਾਲੇ ਦੀ ਰਜ਼ਾਮੰਦੀ ਲੈਣ ਦੀ ਸ਼ਰਤ ਵੀ ਸ਼ਾਮਿਲ ਹੈ। ਕਿਸੇ ਦੇ ਸਰੀਰ ਵਿਚ ਲਾਉਣ ਲਈ ਮਨੁੱਖੀ ਸਰੀਰਕ ਅੰਗ ਖ਼ਰੀਦਣਾ ਜਾਂ ਵੇਚਣਾ, ਜਾਂ ਮਨੁੱਖੀ ਸਰੀਰਕ ਅੰਗ ਖ਼ਰੀਦਣ ਜਾਂ ਵੇਚਣ ਦੇ ਇਸ਼ਤਿਹਾਰ ਦੇਣਾ ਵੀ ਜੁਰਮ ਹੈ। ਅਜਿਹੇ ਜੁਰਮਾਂ ਦੀ ਸਜ਼ਾ ਤਿੰਨ ਸਲਾ ਤਕ ਦੀ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਹੋ ਸਕਦੀਆਂ ਹਨ।

**ਹੋਰ ਜਾਣਕਾਰੀ**

ਇਸ ਪਰਚੇ ਵਿਚ ਸਿਰਫ਼ ਆਮ ਜਿਹੀ ਜਾਣਕਾਰੀ ਦਿੱਤੀ ਗਈ ਹੈ। ਸਾਡੇ ਬਾਰੇ ਜਾਂ ਐਚ ਟੀ ਐਕਟ (ਕਾਨੂੰਨ) ਬਾਰੇ ਹੋਰ ਜਾਣਕਾਰੀ ਲੈਣ ਲਈ ਇਹ ਵੈੱਬਸਾਈਟ ਪੜ੍ਹੋ - www.hta.gov.uk:

Human Tissue Authority
151 Buckingham Palace Road
Victoria
London SW1W 9SZ

**ਟੈਲੀਫ਼ੋਨ** 020 7269 1900
**ਫ਼ੈਕਸ** 020 7269 1999
**ਈਮੇਲ** enquiries@hta.gov.uk

ਇਹ ਪਰਚਾ ਇਹਨਾਂ ਭਾਸ਼ਾਵਾਂ ਵਿਚ ਸਾਡੀ ਵੈੱਬਸਾਈਟ 'ਤੇ ਪੜ੍ਹਿਆ ਜਾ ਸਕਦਾ ਹੈ - ਵੈਲਸ਼, ਉਰਦੂ, ਗੁਜਰਾਤੀ, ਪੰਜਾਬੀ, ਹਿੰਦੀ ਅਤੇ ਬੰਗਾਲੀ।

ਮਾਰਚ 2007 ਵਿਚ ਪ੍ਰਕਾਸ਼ਿਤ

ਕਾਪੀਰਾਈਟ: ਹਿਊਮਨ ਟਿਸ਼ੂ ਅਥਾਰਿਟੀ